## ਘਰ ਅਤੇ ਰੁਜ਼ਗਾਰ ਵਿੱਚ ਪੱਖਪਾਤ ਨੂੰ ਪਛਾਣਨ ਵਿੱਚ ਮਦਦ ਕਰਨ ਲਈ ਅਸਲ-ਜ਼ਿੰਦਗੀ ਦੇ ਦ੍ਰਿਸ਼

**ਰਾਬਰਟ* ਸੱਤ-ਦਿਨ ਏਡਵੇਂਟਿਸਟ ਹੈ** ਅਤੇ ਸ਼ਨੀਵਾਰ ਨੂੰ ਸੈਬਥ ਦੀ ਪਾਲਣਾ ਕਰਦਾ ਹੈ। ਉਹ ਨੌਕਰੀ ਲਈ ਇੰਟਰਵਿਊ ਤੇ ਗਿਆ। ਆਪਣੀ ਇੰਟਰਵਿਊ ਦੇ ਦੌਰਾਨ, ਉਸ ਨੇ ਕਿਹਾ ਕਿ ਸੈਬਥ ਦੀ ਪਾਲਣਾ ਕਰਨ ਲਈ ਉਸ ਨੂੰ ਹਰ ਸ਼ਨੀਵਾਰ ਨੂੰ ਛੁੱਟੀ ਦੀ ਲੋੜ ਹੋਵੇਗੀ। ਇੰਟਰਵਿਊ ਲੈਣ ਵਾਲੇ ਨੇ ਰਾਬਰਟ ਨੂੰ ਦੱਸਿਆ ਕਿ ਇਹ ਦੂਸਰੇ ਕਰਮਚਾਰੀਆਂ ਲਈ ਸਹੀ ਨਹੀਂ ਹੋਵੇਗਾ ਜੇ ਰਾਬਰਟ ਨੂੰ ਹਰ ਵੀਕੇਂਡ ਤੇ ਛੁੱਟੀ ਦਿੱਤੀ ਜਾਂਦੀ ਹੈ, ਇਸ ਲਈ ਰਾਬਰਟ ਨੂੰ ਸ਼ਨੀਵਾਰ ਨੂੰ ਵੀ ਕੰਮ ਕਰਨੇ ਪੈਣਗੇ ਨਹੀਂ ਤਾਂ ਉਹ ਇੱਥੇ ਕੰਮ ਨਹੀਂ ਕਰ ਸਕਦਾ ਹੈ।

**ਜੋਸਫ* ਅੰਸ਼ ਵਿਸ਼ਵਾਸੀ ਹੈ।** ਉਸ ਦੀ ਆਸਥਾ ਅਨੁਸਾਰ ਉਸ ਨੂੰ ਪੂਰੇ ਸਾਲ ਆਪਣੇ ਘਰ ਦੇ ਮੂਹਰਲੇ ਦਰਵਾਜ਼ੇ ਨੂੰ ਵੱਖ-ਵੱਖ ਪ੍ਰਕਾਰ ਦੇ ਸ਼ਿੰਗਾਰਾਂ ਨਾਲ ਸਜਾਉਣ ਦੀ ਲੋੜ ਹੁੰਦੀ ਹੈ। ਉਸ ਦੀ ਇਮਾਰਤ ਦੇ ਕੋ-ਆਪ ਬੋਰਡ ਨੇ ਉਸ ਨੂੰ ਸੂਚਿਤ ਕੀਤਾ ਕਿ ਉਸ ਨੂੰ ਸ਼ਿੰਗਾਰ ਹਟਾਉਣੇ ਪੈਣਗੇ ਜਾਂ ਨਿਯਮਾਂ ਦੀ ਉਲੰਘਣਾ ਕਰਨ ਲਈ ਜ਼ੁਰਮਾਨਾ ਦੇਣਾ ਪਵੇਗਾ, ਜੋ ਨਿਯਮ ਕਹਿੰਦੇ ਹਨ ਕਿ ਨਿਵਾਸੀ ਆਪਣੇ ਘਰ ਦੇ ਦਰਵਾਜ਼ਿਆਂ ਦੇ ਬਾਹਰ ਕੁਝ ਵੀ ਨਹੀਂ ਲਟਕਾ ਸਕਦੇ। ਜੋਸਫ ਨੇ ਬੋਰਡ ਅਤੇ ਸੰਪੱਤੀ ਮੈਨੇਜਰ ਨੂੰ ਸੂਚਿਤ ਕੀਤਾ ਕਿ ਸ਼ਿੰਗਾਲ ਕਰਨਾ ਉਸ ਦੇ ਧਾਰਮਿਕ ਅਭਿਆਸਾਂ ਦਾ ਹਿੱਸਾ ਸੀ ਪਰ ਕੋਈ ਫਾਇਦਾ ਨਹੀਂ ਹੋਇਆ। ਦਸੰਬਰ ਵਿੱਚ, ਜੋਸਫ ਨੇ ਨੋਟਿਸ ਕੀਤਾ ਕਿ ਉਸ ਦੀ ਮੰਜਿਲ ਤੇ ਜ਼ਿਆਦਾਤਰ ਘਰਾਂ ਦੇ ਬਾਹਰ ਦਰਵਾਜ਼ਿਆਂ ਤੇ ਕ੍ਰਿਸਮਿਸ ਦੀ ਸਜਾਵਟ ਕੀਤੀ ਹੋਈ ਸੀ। ਜੋਸਫ ਨੇ ਬੋਰਡ ਨੂੰ ਇਸ ਬਾਰੇ ਪੁੱਛਿਆ ਅਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਛੁੱਟੀਆਂ ਦੇ ਮੌਸਮ ਲਈ ਵਿਵਰਜਨ ਹਨ।

**ਏਲੈਗਜ਼ੈਂਡਰ* ਮੁਸਲਮਾਨ ਹੈ** ਅਤੇ ਸੁਪਰਮਾਰਕਿਟ ਵਿੱਚ ਕੈਸ਼ੀਅਰ ਵਜੋਂ ਕੰਮ ਕਰਦੀ ਹੈ। ਉਹ ਨਿਯਮਿਤ ਤੌਰ ਤੇ ਹਿਜ਼ਾਬ ਪਹਿਣਦੀ ਹੈ। ਇੱਕ ਦਿਨ, ਇੱਕ ਗਾਹਕ ਨੇ ਉਸ ਉੱਤੇ ਥੁੱਕ ਦਿੱਤਾ ਅਤੇ ਉਸ ਨੂੰ "ਅਤੰਕਵਾਦੀ" ਕਿਹਾ। ਏਲੈਗਜ਼ੈਂਡਰ ਸਦਮੇ ਵਿੱਚ ਸੀ ਅਤੇ ਉਸ ਨੇ ਇਸ ਦੀ ਰਿਪੋਰਟ ਆਪਣੇ ਸੁਪਰਵਾਈਜ਼ਰ ਨੂੰ ਕੀਤੀ। ਉਸ ਦੇ ਸੁਪਰਵਾਈਜ਼ਰ ਨੇ ਉਸ ਨੂੰ ਕਿਹਾ ਕਿ ਉਸ ਨੂੰ ਗਾਹਕਾਂ ਤੋਂ ਆਪਣੇ-ਆਪ ਨੂੰ ਪਰੇਸ਼ਾਨ ਕਰਨ ਤੋਂ ਬਚਾਉਣ ਲਈ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਕਿਹਾ ਕਿ ਸ਼ੁੱਕਰਵਾਰ ਨੂੰ ਉਸ ਦਾ ਅਖੀਰਲਾ ਦਿਨ ਹੋਵੇਗਾ।

* ਨੋਟ: ਇਨ੍ਹਾਂ ਮਾਮਲਿਆਂ ਵਿੱਚ ਸ਼ਾਮਲ ਵਿਅਕਤੀਆਂ ਦੀ ਗੁਪਤਤਾ ਨੂੰ ਬਚਾਉਣ ਲਈ ਇਨ੍ਹਾਂ ਦ੍ਰਿਸ਼ਾਂ ਵਿੱਚ ਵਰਤੇ ਗਏ ਨਾਮ ਨਕਲੀ ਹਨ।

## ਨਿਊ ਯਾਰਕ ਸਿਟੀ ਹਿਊਮਨ ਰਾਈਟਸ ਕਨੂੰਨ (New York City Human Rights Law) ਅਤੇ ਧਰਮ-ਆਧਾਰਿਤ ਭਾਈਚਾਰੇ

ਸਾਰੇ ਨਿਊ ਯਾਰਕ ਨਿਵਾਸੀ, ਇਸ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਕੌਣ ਹਨ, ਕਿੱਥੇ ਰਹਿੰਦੇ ਹਨ, ਜਾਂ ਉਨ੍ਹਾਂ ਦੇ ਧਰਮ ਕੀ ਹਨ, ਆਜ਼ਾਦੀ ਨਾਲ ਅਤੇ ਪੱਖਪਾਤ ਤੋਂ ਸੁਰੱਖਿਅਤ ਢੰਗ ਨਾਲ ਰਹਿਣ ਦੇ ਹੱਕਦਾਰ ਹਨ। ਨਿਊ ਯਾਰਕ ਸਿਟੀ ਹਿਊਮਨ ਰਾਈਟਸ ਕਨੂੰਨ ਨਿਊ ਯਾਰਕ ਨਿਵਾਸੀਆਂ ਨੂੰ ਪੱਖਪਾਤ ਤੋਂ ਬਚਾਉਂਦਾ ਹੈ ਤਾਂ ਜੋ ਉਹ ਸਾਡੇ ਸ਼ਹਿਰ ਵਿੱਚ ਪੱਖਪਾਤ ਤੋਂ ਮੁਕਤ ਹੋ ਕੇ ਰਹਿ ਸਕਣ, ਕੰਮ ਕਰ ਸਕਣ ਅਤੇ ਪ੍ਰਫੁਲਤ ਹੋ ਸਕਣ। ਕਨੂੰਨ ਰੁਜ਼ਗਾਰ, ਘਰ ਅਤੇ ਜਨਤਕ ਸੰਸਾਧਨਾਂ ਤੇ ਅਸਲੀ ਜਾਂ ਕਥਿਤ ਧਰਮ ਜਾਂ ਸੰਪਰਦਾਇ ਦੇ ਆਧਾਰ ਤੇ ਪੱਖਪਾਤ ਦਾ ਵਿਰੋਧ ਕਰਦਾ ਹੈ। ਰੁਜ਼ਗਾਰਦਾਤਾਵਾਂ, ਘਰ ਪ੍ਰਦਾਤਾਵਾਂ, ਕਾਰੋਬਾਰ ਦੇ ਮਾਲਕਾਂ ਅਤੇ ਨਿਊ ਯਾਰਕ ਸ਼ਹਿਰ ਵਿੱਚ ਜਨਤਕ ਸੰਸਾਧਨ ਪ੍ਰਦਾਨ ਕਰਨ ਵਾਲਿਆਂ ਲਈ ਕਿਸੇ ਵਿਅਕਤੀ ਨਾਲ ਉਨ੍ਹਾਂ ਦੇ ਧਰਮ ਦੇ ਆਧਾਰ ਤੇ ਪੱਖਪਾਤ ਕਰਨਾ ਗੈਰਕਨੂੰਨੀ ਹੈ। ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ (NYC Commission on Human Rights) ਸ਼ਹਿਰ ਦੇ ਹਿਊਮਨ ਰਾਈਟਸ ਕਨੂੰਨ ਨੂੰ ਲਾਗੂ ਕਰਦਾ ਹੈ, ਕਨੂੰਨ ਬਾਰੇ ਜਨਤਾ ਨੂੰ ਜਾਣਕਾਰੀ ਦਿੰਦਾ ਹੈ, ਅਤੇ ਨਿਊ ਯਾਰਕ ਨਿਵਾਸੀਆਂ ਵਿਚਕਾਰ ਸਕਾਰਾਤਮਕ ਭਾਈਚਾਰਕ ਰਿਸ਼ਤਿਆਂ ਨੂੰ ਉਤਸਾਹਿਤ ਕਰਦਾ ਹੈ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਨਾਲ ਅਸਲੀ ਜਾਂ ਕਥਿਤ ਧਰਮ ਜਾਂ ਸੰਪਰਦਾਇ ਦੇ ਆਧਾਰ ਤੇ ਪੱਖਪਾਤ ਹੋਇਆ ਹੈ, ਤਾਂ 311 ਤੇ ਕਾਲ ਕਰੋ ਅਤੇ "ਹਿਊਮਨ ਰਾਈਟਸ" ਲਈ ਪੁੱਛੋ ਜਾਂ 212-416-0197 ਤੇ ਕਮਿਸ਼ਨ ਦੀ ਜਾਣਕਾਰੀ ਲਾਈਨ ਤੇ ਸਿੱਧੇ ਕਾਲ ਕਰੋ। ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ ਤੇ ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ NYC.gov/HumanRights ਤੇ ਜਾਓ ਅਤੇ ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਤੇ @NYCCHR ਨੂੰ ਫਾਲੋ ਕਰੋ।

NYC Commission on Human Rights

NYC.gov/HumanRights

@NYCCHR



# ਐਨਵਾਈਸੀ ਵਿੱਚ ਧਰਮ-ਆਧਾਰਿਤ ਭਾਈਚਾਰਿਆਂ ਨੂੰ ਮਜ਼ਬੂਤ ਕਰਨਾ ਅਤੇ ਸਹਾਇਤਾ ਕਰਨੀ

### ਧਾਰਮਿਕ ਪੱਖਪਾਤ ਵਿਰੁੱਧ ਸੁਰੱਖਿਆ

